**ਦਫ਼ਤਰ: ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਐਸ.ਏ.ਐਸ. ਨਗਰ।**

**ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ ਕੰਪਲੈਕਸ, ਬਲਾਕ-ਈ, 7ਵੀਂ ਮੰਜ਼ਲ, ਸੈਕਟਰ-62, ਐਸ.ਏ.ਐਸ. ਨਗਰ।**

**(ਗ੍ਰਾਂਟ-1 ਸ਼ਾਖਾ)** **ਈ-ਮੇਲ** dpigrant1@gmail.com

ਵੱਲ,

ਰਾਜ ਦੇ ਸਮੂਹ ਪ੍ਰਾਈਵੇਟ ਏਡਿਡ ਕਾਲਜਾਂ ਦੇ
ਪ੍ਰਿੰਸੀਪਲ ਸਹਿਬਾਨ।

ਮੀਮੋਂ ਨੰ: 315109/2022210753
ਮਿਤੀ: ਐਸ.ਏ.ਐਸ ਨਗਰ, 08/08/22

ਵਿਸ਼ਾ- ਸਿਵਲ ਰਿਟ ਪਟੀਸ਼ਨ ਨੰ: 10650 ਆਫ 2013 –ਜਗਵੰਤ ਸਿੰਘ ਬਨਾਮ ਸਟੇਟ ਆਫ ਪੰਜਾਬ ਅਤੇ ਹੋਰ (ਪੰਜਾਬ ਰਾਜ ਵੱਲੋਂ ਪ੍ਰਾਈਵੇਟ ਏਡਿਡ ਕਾਲਜਾਂ ਵਿੱਚ ਲੈਕਚਰਾਰਾਂ/ਸਹਾਇਕ ਪ੍ਰੋਫੈਸਰਾਂ ਦੀਆਂ 1925 ਪੋਸਟਾਂ ਭਰਨ ਸਬੰਧੀ।

ਵਿਸ਼ਾ ਅੰਕਿਤ ਕੇਸ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਮਿਤੀ 10.10.2014 ਨੂੰ ਵਿਭਾਗ ਵੱਲੋਂ ਦਿੱਤੇ ਹਲਫੀਆ ਬਿਆਨ ਦੇ ਅਧਾਰ ਤੇ 3 ਪੜ੍ਹਾਅ ਦੇ ਵਿੱਚ 1925 ਪੋਸਟਾਂ ਨੂੰ ਭਰਨ ਦੇ ਹੁਕਮ ਕੀਤੇ ਗਏ ਸਨ, ਜੋ ਕਿ ਪਹਿਲੇ ਸਾਲ 2014-15 ਵਿੱਚ 484, ਦੂਜੇ ਸਾਲ 2015-16 484 ਅਤੇ ਤੀਜੇ ਸਾਲ 2016-17 ਵਿੱਚ 957 ਪੋਸਟਾਂ ਭਰੀਆਂ ਜਾਣਗੀਆਂ । ਇਸ ਉਪਰੰਤ ਪੰਜਾਬ ਮੰਤਰੀ ਮੰਡਲ ਦੀ ਪ੍ਰਵਾਨਗੀ ਉਪਰੰਤ ਨੋਟੀਫਿਕੇਸ਼ਨ ਨੰਬਰ 11/148-2013-3ਸਿ-1/328576/5 ਮਿਤੀ 20.10.2014 ਨੂੰ ਜਾਰੀ ਕੀਤੀ ਗਈ। ਇਸ ਨੋਟੀਫਿਕੇਸ਼ਨ ਅਨੁਸਾਰ ਪੋਸਟਾਂ ਮਿਤੀ 31.03.2017 ਤੱਕ ਭਰੀਆਂ ਜਾਣੀਆਂ ਸਨ ਪ੍ਰੰਤੂ ਇਹ ਅਸਾਮੀਆਂ 2022 ਤੱਕ ਵੀ ਨਹੀਂ ਭਰੀਆਂ ਗਈਆਂ । ਇਸ ਦੇ ਮੱਦੇਨਜਰ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਇਸ ਭਰਤੀ ਨੂੰ ਤਤਕਾਲ ਸਮੇਂ ਤੋਂ ਬੰਦ ਕੀਤਾ ਜਾਂਦਾ ਹੈ ।

ਉਪਰੋਕਤ ਪੱਤਰ ਸਮਰੱਥ ਅਧਿਕਾਰੀਆਂ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾ ਰਿਹਾ ਹੈ।

ਸੁਪਰਡੰਟ **(ਗ੍ਰਾਂਟ-1 ਸ਼ਾਖਾ)**